**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ**
**ਚੌਥੀ ਮੰਜਿਲ, ਈ-ਬਲਾਕ, ਕੰਪ. ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਪੰਜਾਬ

ਮੀਮੋ ਨੰ: 15/1-2019 ਕੋ (1)/245473
ਮਿਤੀ: २८ .08.2019

**ਵਿਸ਼ਾ:** **ਵੱਖ ਵੱਖ ਵਿਭਾਗਾਂ ਵੱਲੋਂ ਪ੍ਰਾਪਤ ਪੱਤਰ/ਸਰਕੂਲਰ/ਹਦਾਇਤਾਂ ਸਬੰਧੀ।**
ਹਵਾਲਾ: ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-6 ਸ਼ਾਖਾ) ਦਾ ਪੱਤਰ ਨੰ: 11/7/2017-5ਸਿ6/1324431/2 ਮਿਤੀ 28.09.2018

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਹੇਠ ਅਨੁਸਾਰ ਪ੍ਰਾਪਤ ਪੱਤਰ/ਸਰਕੂਲਰ/ਹਦਾਇਤਾਂ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੇ ਜਾਂਦੇ ਹਨ:-

| **ਲੜੀ ਨੰ:** | **ਵਿਭਾਗ ਦਾ ਨਾਮ** | **ਪ੍ਰਾਪਤ ਪੱਤਰ ਦਾ ਨੰਬਰ** | **ਵਿਸ਼ਾ** |
|---|---|---|---|
| 1. | ਵਿੱਤ ਵਿਭਾਗ (ਵਿੱਤ ਬਜਟ-1 ਸ਼ਾਖਾ) | 8/1/2015-5ਵਿ.ਬ.1/ 1301674/1 | ਡਿਪਾਜਿਟ ਵਰਕ ਦੇ ਕੇਸਾਂ ਵਿੱਚ ਖਜਾਨੇ ਵਿਚੋਂ ਲੋੜ ਤੋਂ ਪਹਿਲਾਂ ਫੰਡਜ਼ ਨਾ ਰੱਖਣ ਬਾਰੇ। |

ਨੱਥੀ: ਉਕਤ ਅਨੁਸਾਰ

26.8.19
ਸਹਾਇਕ ਡਾਇਰੈਕਟਰ (ਕੋ.ਸ਼ਾਖਾ)

ਪਿੱਠ.ਅੰ.ਨੰ: ਉਕਤ ਮਿਤੀ २८.08.2019

1. ਉਤਾਰਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ ਵਿਖੇ ਰਜਿਸਟਰਾਰ ਸਿੱਖਿਆ ਵਿਭਾਗ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
2. ਇਹ ਹਦਾਇਤਾ ਵਿਭਾਗ ਦੀ ਵੈਬਸਾਈਟ www.ssapunjab.org ਤੇ ਵੀ ਉਪਲਬੱਧ ਹਨ

26.8.19
ਸਹਾਇਕ ਡਾਇਰੈਕਟਰ (ਕੋ.ਸ਼ਾਖਾ)

ਜ਼ਰੂਰੀ

ਨੰ:8/1/2015-5ਵਿ.ਬ.1/130674/1

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1-ਸ਼ਾਖਾ)

ਮਿਤੀ, ਚੰਡੀਗੜ੍ਹ 23 ਅਗਸਤ, 2018

ਸੇਵਾ ਵਿਖੇ,

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਿਪਟੀ ਕਮਿਸ਼ਨਰ ਅਤੇ ਜਿਲ੍ਹਾਂ ਸੈਸ਼ਨ ਜੱਜ,
ਸਮੂਹ ਉੱਪ ਮੰਡਲ ਅਫਸਰ(ਸਿਵਲ)

2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ।

ਵਿਸ਼ਾ: ਡਿਪਾਜਿਟ ਵਰਕ ਦੇ ਕੇਸਾਂ ਵਿਚ ਖਜਾਨੇ ਵਿਚੋ ਲੋੜ ਤੋਂ ਪਹਿਲਾਂ ਫੰਡਜ ਨਾ ਰੱਖਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵੱਖ-ਵੱਖ ਵਿਭਾਗ ਆਪਣੇ ਵਿਭਾਗਾਂ ਦੇ ਕੰਮ ਕਰਵਾਉਣ ਲਈ ਜਲ ਸਰੋਤ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਲੋਕ ਨਿਰਮਾਣ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਕੋਲ ਡਿਪਾਜਿਟ ਵਰਕ ਦੇ ਫੰਡਜ ਜਮ੍ਹਾਂ ਕਰਵਾਉਂਦੇ ਹਨ। ਇਹ ਵੇਖਣ ਵਿਚ ਆਇਆ ਹੈ ਕਿ ਸਬੰਧਤ ਵਿਭਾਗ ਕੰਮ ਦੀ ਮਿਕਦਾਰ ਅਤੇ ਲੋੜ ਤੋ ਬਿਨਾਂ ਹੀ ਖਜਾਨੇ ਵਿਚੋ ਫੰਡਜ ਕਢਵਾ ਕੇ ਆਪਣੇ ਬੈਂਕ ਖਾਤਿਆਂ ਵਿੱਚ ਰੱਖ ਲੈਂਦੇ ਹਨ ਅਤੇ ਉਸ ਤੋਂ ਬਾਅਦ ਕੰਮ ਕਰਵਾਉਣ ਵਾਲੇ ਵਿਭਾਗਾਂ ਨੂੰ ਦਿੰਦੇ ਹਨ ਪਰ ਸਬੰਧਤ ਕੰਮ ਅਜੇ ਸ਼ੁਰੂ ਹੋਣ ਹੁੰਦਾ ਹੈ ਅਜਿਹਾ ਕਰਨ ਨਾਲ ਖਜਾਨੇ ਵਿਚੋਂ ਕਢਵਾਏ ਗਏ ਡਿਪਾਜਿਟ ਵਰਕ ਦੇ ਫੰਡਜ ਬਿਨਾਂ ਵਜ੍ਹਾ ਹੀ ਸਬੰਧਤ ਵਿਭਾਗਾਂ ਕੋਲ ਪਏ ਰਹਿੰਦੇ ਹਨ ਅਤੇ ਕੰਮ ਅਜੇ ਕਰਨਾ ਹੁੰਦਾ ਹੈ ਜਾਂ ਸ਼ੁਰੂ ਹੋਇਆ ਹੀ ਨਹੀ ਹੁੰਦਾ ਹੈ।

3. ਮੌਜੂਦਾ ਵਿਧੀ ਅਨੁਸਾਰ ਜਿਹੜੇ ਵਿਭਾਗ ਨੇ ਕੰਮ ਕਰਵਾਉਣੇ ਹੁੰਦੇ ਹਨ, ਉਹ **Executing Department** ਨੂੰ ਖਜਾਨੇ ਵਿੱਚੋਂ ਫੰਡਜ ਕਢਵਾ ਕੇ ਦਿੰਦਾ ਹੈ ਅਤੇ **Executing Departments** ਉਹ ਫੰਡਜ ਕਢਵਾ ਕੇ ਆਪਣੇ ਬੈਂਕ ਖਾਤਿਆ ਵਿੱਚ ਰੱਖ ਲੈਂਦੇ ਹਨ ਜਿਸ ਤੇ ਬੈਂਕਾ ਕੋਲੋਂ ਬਹੁਤ ਘੱਟ ਰੇਟ ਤੇ ਵਿਆਜ ਪ੍ਰਾਪਤ ਹੁੰਦਾ ਹੈ ਪਰ ਰਾਜ ਸਰਕਾਰ ਨੂੰ ਆਪਣੇ ਕੰਮ ਚਲਾਉਣ ਲਈ ਬਾਹਰਲੇ ਅਦਾਰਿਆ ਤੋਂ ਵਿਆਜ ਦੀਆਂ ਮਹਿੰਗੀਆ ਦਰਾਂ ਤੇ ਕਰਜੇ ਪ੍ਰਾਪਤ ਕਰਕੇ ਕੰਮ ਚਲਾਉਣੇ ਪੈਂਦੇ ਹਨ ਜਿਸ ਨਾਲ ਰਾਜ ਸਰਕਾਰ ਦੀ ਵਿੱਤੀ ਸਥਿਤੀ ਤੇ ਮਾੜਾ ਅਸਰ ਪੈਂਦਾ ਹੈ। ਇਸ ਲਈ ਵਿੱਤ ਵਿਭਾਗ ਵਲੋਂ ਇਸ ਮਾਮਲੇ ਤੇ ਗਹੁ ਨਾਲ ਵਿਚਾਰ ਕਰਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ ਕੋਈ ਵੀ ਵਿਭਾਗ, ਕੰਮ ਕਰਨ ਵਾਲੇ ਵਿਭਾਗ(**Executing Department**) ਨੂੰ ਖਜਾਨੇ ਵਿਚੋਂ ਪੇਸ਼ਗੀ ਤੌਰ ਤੇ ਫੰਡਜ ਡਰਾਅ ਕਰਕੇ ਨਹੀਂ ਦੇਵੇਗਾ। ਇਸ ਸਬੰਧ ਵਿੱਚ ਸਬੰਧਤ ਵਿਭਾਗ ਜਿਸ ਨੇ ਕੰਮ ਕਰਵਾਉਣਾ ਹੋਵੇਗਾ ਉਹ ਪਰਾਪਰ ਹੈੱਡ-ਆਫ-ਅਕਾਂਊਂਟ ਵਿੱਚ ਬਜਟ ਉਪਬੰਧ ਕਰਵਾਏਗਾ ਅਤੇ ਕੰਮ ਕਰਨ ਵਾਲੇ ਵਿਭਾਗ (**Executing Department**) ਨੂੰ ਸਬੰਧਤ ਸਕੀਮ/ਹੈਡ ਉਪਰੇਟ ਅਤੇ ਡੀ.ਡੀ.ੳ ਪਾਵਰਾਂ ਜਾਰੀ ਕਰਨ ਲਈ ਆਥੋਰਾਈਜਡ ਕਰੇਗਾ।

4. ਉਪਰੋਕਤ ਨੂੰ ਮੱਦੇ ਨਜਰ ਰੱਖਦੇ ਹੋਏ ਡਿਪਾਜਿਟ ਵਰਕ ਦੇ ਕੰਮਾਂ ਦੇ ਸਬੰਧ ਵਿਚ ਵਿੱਤ ਵਿਭਾਗ ਵਲੋਂ ਕੰਮ ਸ਼ੁਰੂ ਕਰਨ ਤੋਂ ਲੈ ਕੇ ਪੂਰਾ ਕਰਨ ਤੱਕ ਫੰਡਜ ਰੀਲੀਜ ਕਰਨ ਲਈ ਹੇਠ ਲਿਖੀਆਂ ਗਾਈਡਲਾਈਨਜ

ਜਾਰੀ ਕੀਤੀਆਂ ਜਾਂਦੀਆਂ ਹਨ:-

(I) **Executing Department** ਕੰਮ ਸ਼ੁਰੂ ਕਰਨ ਲਈ ਕੁੱਲ ਪ੍ਰੋਜੈਕਟ ਦੀ 20% ਰਾਸ਼ੀ(**mobilisation advance**) ਹੀ ਕਢਵਾਏਗਾ। ਇਸ ਰਾਸ਼ੀ ਨਾਲ Executing Department ਸਬੰਧਤ ਵਿਭਾਗ ਦਾ ਸਬੰਧਤ ਪ੍ਰੋਜੈਕਟ ਦਾ ਕੰਮ ਸ਼ੁਰੂ ਕਰੇਗਾ।

(II) ਕੰਮ ਸ਼ੁਰੂ ਕਰਨ ਤੋਂ ਬਾਅਦ 85% ਤੱਕ (20%+65%), Executing Department ਸਮੇਂ- ਸਮੇਂ ਤੇ ਖਜਾਨੇ ਵਿਚੋਂ ਕੰਮ ਦੀ ਲੋੜ ਅਨੁਸਾਰ ਫੰਡਜ ਕਢਵਾ ਕੇ ਖਰਚੇਗਾ। Executing Department ਸਬੰਧਤ ਕੰਮ ਲਈ ਫੰਡਜ ਵਰਤਣ ਦੇ ਨਾਲ-ਨਾਲ ਕੰਮ ਦੀ ਹੋਈ ਪ੍ਰਗਤੀ ਬਾਰੇ ਸਬੰਧਤ ਵਿਭਾਗ ਅਤੇ ਵਿੱਤ ਵਿਭਾਗ ਦੀ ਸਬੰਧਤ ਖਰਚਾ ਸਾਖਾ ਨੂੰ ਨਿਰੰਤਰ ਤੌਰ ਤੇ ਸੂਚਿਤ ਕਰਦਾ ਰਹੇਗਾ।

(III) ਜੋ ਕੁੱਲ ਪ੍ਰੋਜੈਕਟ ਦੀ 15% ਰਾਸ਼ੀ ਰਹਿ ਜਾਵੇਗੀ, ਨੂੰ Executing Department ਉਸ ਵੇਲੇ ਖਜਾਨੇ ਵਿਚੋਂ ਕਢਵਾਏਗਾ ਜਿਸ ਵੇਲੇ ਸਬੰਧਤ ਵਿਭਾਗ ਦੇ ਸਬੰਧਤ ਪ੍ਰੋਜੈਕਟ ਦਾ ਕੰਮ ਮੁਕੰਮਲ ਹੋ ਗਿਆ ਹੋਵੇ। ਸਬੰਧਤ ਖਜਾਨਾ ਅਫਸਰ ਇਹ 15% ਰਾਸੀ, Executing Department ਵਲੋਂ ਦਿੱਤੇ **completion certificate** ਜੋ ਕਿ ਸਬੰਧਤ ਚੀਫ ਇੰਜੀਨੀਅਰ ਵਲੋਂ ਲਾਜਮੀ ਹਸਤਾਖਰ ਹੋਇਆ ਹੋਵੇ, ਪ੍ਰਾਪਤ ਹੋਣ ਤੇ ਰਲੀਜ ਕਰੇਗਾ।

5 ਉਪਰੋਕਤ ਗਾਈਡਲਾਈਨਜ ਦੀ ਪਾਲਣਾ ਕਰਨ ਲਈ ਸਬੰਧਤ ਜਿਲਾ ਖਜਾਨਾ ਅਫਸਰ ਅਤੇ ਵਿਭਾਗ ਦਾ ਮੁੱਖੀ ਜਿੰਮੇਵਾਰ ਹੋਣਗੇ। ਕਿਸੇ ਪ੍ਰਕਾਰ ਦੀ ਕੀਤੀ ਗਈ ਅਣਗਹਿਲੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

6 ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

(ਹਰਵਿੰਦਰ ਸਿੰਘ)
ਬਜਟ ਅਫਸਰ

ਇਸ ਦਾ ਇੱਕ ਉਤਾਰਾ ਮੁੱਖ ਸਕੱਤਰ ਪੰਜਾਬ ਸਰਕਾਰ, ਸਮੂਹ ਵਿਸ਼ੇਸ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਸਮੂਹ ਵਿੱਤੀ ਕਮਿਸ਼ਨਰਜ਼, ਸਮੂਹ ਪ੍ਰਮੁੱਖ ਸਕੱਤਰ ਅਤੇ ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(ਹਰਵਿੰਦਰ ਸਿੰਘ)
ਬਜਟ ਅਫਸਰ

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਸ਼ੇਸ ਮੁੱਖ ਸਕੱਤਰ, ਪੰਜਾਬ ਸਰਕਾਰ।
3) ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।
4) ਸਮੂਹ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।
5) ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ 8/1/2015-5ਵਿ.ਬ1/ 130675/2-6 ਮਿਤੀ, ਚੰਡੀਗੜ: 23 ਅਗਸਤ, 2018

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ, ਵਿੱਤੀ ਕਮਿਸਨਰ ਪੰਚਾਇਤੀ ਰਾਜ ਵਿਭਾਗ, ਸਕੱਤਰ ਲੋਕ ਨਿਰਮਾਣ ਵਿਭਾਗ, ਸਕੱਤਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਭੇਜ਼ ਕੇ ਬੇਨਤੀ ਕੀਤੀ ਜਾਦੀ ਹੈ ਕਿ ਸਬੰਧਤ ਖਜਾਨੇ ਵਿੱਚੋਂ ਡਿਪਾਜਿਟ ਵਰਕ ਦੇ ਫੰਡਜ ਉਕਤ ਗਾਈਡਲਾਈਨਜ਼ ਅਨੁਸਾਰ ਹੀ ਕੱਢਵਾਏ ਜਾਣ।

(ਹਰਵਿੰਦਰ ਸਿੰਘ)
ਬਜਟ ਅਫਸਰ

ਸੇਵਾ ਵਿਖੇ,

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜਲ ਸਰੋਤ ਵਿਭਾਗ।
2) ਵਿੱਤੀ ਕਮਿਸਨਰ, ਪੰਜਾਬ ਸਰਕਾਰ।
ਪੇਡੂ ਵਿਕਾਸ ਅਤੇ ਪੰਚਾਇਤੀ ਵਿਭਾਗ।
3) ਸਕੱਤਰ , ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ।
4) ਸਕੱਤਰ, ਪੰਜਾਬ ਸਰਕਾਰ।
ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ।

ਅੰ.ਵਿ.ਪੱ.ਨੰ 8/1/2015-5ਵਿ.ਬ1/1301674/7-10 ਮਿਤੀ, ਚੰਡੀਗੜ: 23 ਅਗਸਤ, 2018
ਪਿਠ.ਅੰਕਣ.ਨੰ 8/1/2015-5ਵਿ.ਬ1/1301674/11 ਮਿਤੀ, ਚੰਡੀਗੜ: 23 ਅਗਸਤ, 2018

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਖਜਾਨਾ ਤੇ ਲੇਖਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

(ਹਰਵਿੰਦਰ ਸਿੰਘ)
ਬਜਟ ਅਫਸਰ

ਪਿਠ.ਅੰਕਣ.ਨੰ 8/1/2015-5ਵਿ.ਬ1/1301674/12-13 ਮਿਤੀ, ਚੰਡੀਗੜ: 23 ਅਗਸਤ, 2018

ਉਪਰੋਕਤ ਦਾ ਇੱਕ ਉਤਾਰਾ ਮਹਾਂਲੇਖਾਕਾਰ(ਲੇਖਾ ਤੇ ਹੱਕਦਾਰੀ), ਪੰਜਾਬ ਅਤੇ ਮਹਾਂਲੇਖਾਕਾਰ(ਆਡਿਟ), ਪੰਜਾਬ, ਸੈਕਟਰ-17, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

(ਹਰਵਿੰਦਰ ਸਿੰਘ)
ਬਜਟ ਅਫਸਰ